ਸੁਝਾਅ

# ਸੰਚਾਰ ਸੇਵਾਵਾਂ ਦੀ ਵਧੀਆ

## ਵਰਤੋਂ ਬਾਰੇ ਉਪਭੋਗਤਾ ਸੁਝਾਅ




通訊事務管理局
COMMUNICATIONS
AUTHORITY

## ਸੁਝਾਅ 01 ਆਪਣੇ ਮੋਬਾਈਲ ਫੋਨ ਦੇ ਡਾਟਾ ਨੂੰ ਬਚਾਉ

- ਤੁਹਾਡੇ ਮੋਬਾਈਲ ਫੋਨ ਅਤੇ ਉਪਭੋਗਤਾ ਖਾਤੇ ਨੂੰ ਖੋਲਣ ਲਈ ਵਰਣਮਾਲਾ, ਨੰਬਰਾਂ ਅਤੇ ਚਿੰਨ੍ਹਾਂ ਨਾਲ ਰਲੇ ਹੋਏ "ਸਖ਼ਤ ਪਾਸਵਰਡ" ਸੈਟ ਕਰੋ
- ਵੱਖ-ਵੱਖ ਫੰਕਸ਼ਨਾਂ ਅਤੇ ਉਪਭੋਗਤਾ ਖਾਤਿਆਂ ਲਈ ਇੱਕੋ ਪਾਸਵਰਡ ਦੀ ਵਰਤੋਂ ਨਾ ਕਰੋ
- ਐਂਟੀ-ਵਾਇਰਸ ਅਤੇ ਚੋਰੀ-ਰਹਿਤ ਸੁਰੱਖਿਆ ਸੋਫਟਵੇਅਰ ਇੰਸਟਾਲ ਕਰੋ
- ਅਗਿਆਤ ਸਰੋਤਾਂ ਤੋਂ ਐਪਸ ਜਾਂ ਦਸਤਾਵੇਜ਼ਾਂ ਨੂੰ, ਜਾਂ ਸ਼ੱਕੀ ਸਰੋਤਾਂ ਤੋਂ ਔਪਨ ਲਿੰਕ, ਵੈਬ ਪੰਨਿਆਂ ਜਾਂ ਕਯੂ.ਆਰ ਕੋਡ ਨਾ ਡਾਊਨਲੋਡ ਕਰੋ
- ਕਦੇ ਕਦਾਈਂ ਐਪਸ ਨੂੰ ਆਪਣੇ ਮੋਬਾਈਲ ਫੋਨ ਵਿੱਚ ਸਟੋਰ ਕੀਤੀ ਜਾਣਕਾਰੀ ਨੂੰ ਖੋਲਣ ਦੀ ਇਜਾਜ਼ਤ ਨਾ ਦਿਉ
- ਤੁਰੰਤ ਹੀ ਲੇਟੈਸਟ ਵਰਯਨ ਤੇ ਮੋਬਾਈਲ ਓਪਰੇਟਿੰਗ ਸਿਸਟਮ ਨੂੰ ਅਪਡੇਟ ਕਰੋ
- ਨਿਪਟਾਰੇ ਜਾਂ ਬਦਲਣ ਤੋਂ ਪਹਿਲਾਂ ਪੁਰਾਣੇ ਫ਼ੋਨ ਵਿੱਚ ਸਾਰਾ ਡਾਟਾ ਮਿਟਾਓ
- ਆਪਣੇ ਮੋਬਾਈਲ ਫੋਨ ਦੇ ਡਾਟਾ ਦਾ ਨਿਯਮਿਤ ਤੌਰ ਤੇ ਬੈਕਅੱਪ ਕਰੋ
- ਜਦੋਂ ਵੀ ਤੁਹਾਨੂੰ ਦੂਜੀ ਡਿਵਾਈਸਾਂ ਨਾਲ ਇੰਟਰਨੈਟ ਕਨੈਕਸ਼ਨ ਸ਼ੇਅਰ ਕਰਨ ਦੀ ਲੋੜ ਨਹੀਂ ਹੁੰਦੀ ਹੈ, ਤਾਂ ਟਿਥਰਿੰਗ ਫੰਕਸ਼ਨ ਬੰਦ ਕਰੋ (ਜਿਸ ਨੂੰ "ਨਿੱਜੀ ਹੌਟਸਪੌਟ" ਜਾਂ "ਮੋਬਾਈਲ ਹੌਟਸਪੌਟ" ਵੀ ਕਿਹਾ ਜਾਂਦਾ ਹੈ)



## ਸੁਝਾਅ 02 ਮੋਬਾਈਲ ਡਾਟਾ ਸੇਵਾਂਵਾ ਦੀ ਵਧੀਆ ਵਰਤੋਂ

ਮੌਜੂਦਾ ਸਮੇਂ, ਕੁਝ ਓਪਰੇਟਰ ਸੀਮਾ-ਰਹਿਤ ਮੋਬਾਈਲ ਡਾਟਾ ਸਰਵਿਸ ਪਲਾਨ ਪੇਸ਼ ਕਰਦੇ ਹਨ। ਇਸ ਤਰ੍ਹਾਂ ਦੀ ਸਰਵਿਸ ਪਲੈਨ ਆਮ ਤੌਰ ਤੇ ਫੇਅਰ ਯੂਸਜ ਪੋਲਸੀ (ਐਫਯੂਪੀ) ਦੇ ਅਧੀਨ ਹੁੰਦੀਆਂ ਹਨ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਉਪਭੋਗਤਾਵਾਂ ਕੋਲ ਮੋਬਾਈਲ ਡਾਟਾ ਸੇਵਾਵਾਂ ਦਾ ਅਨੰਦ ਲੈਣ ਦਾ ਸਹੀ ਮੌਕਾ ਹੈ। ਜੇਕਰ ਕਿਸੇ ਉਪਭੋਗਤਾ ਦੀ ਡਾਟਾ ਵਰਤੋਂ ਆਪਣੇ FUP ਦੇ ਅਧੀਨ ਓਪਰੇਟਰ ਦੁਆਰਾ ਦਰਸਾਈ ਗਈ ਖਾਸ ਸੀਮਾ ਤੋਂ ਵੱਧ ਹੈ, ਸੇਵਾ ਦੇ ਅਪਲੋਡ ਅਤੇ ਡਾਊਨਲੋਡ ਦੀ ਗਤੀ ਕਾਫੀ ਹੱਦ ਤੱਕ ਘਟ ਸਕਦੀ ਹੈ। ਤੁਹਾਨੂੰ ਇਸ ਲਈ ਸਲਾਹ ਦਿੱਤੀ ਜਾਂਦੀ ਹੈ:

- ਇਕਰਾਰਨਾਮੇ 'ਤੇ ਹਸਤਾਖਰ ਕਰਨ ਤੋਂ ਪਹਿਲਾਂ ਅਪਰੇਟਰ ਨੂੰ ਇਸ ਦੇ FUP ਦੇ ਵੇਰਵੇ ਲਈ ਪੁੱਛੋ
- ਇਹ ਯਕੀਨੀ ਬਣਾਉਣ ਲਈ ਕਿ ਸੇਵਾ ਤੁਹਾਡੀਆਂ ਜ਼ਰੂਰਤਾਂ ਦੇ ਅਨੁਕੂਲ ਹੈ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਧਿਆਨ ਨਾਲ ਦੇਖਣ  ਨਾਲ ਪੜ੍ਹੋ

ਭਾਵੇਂ ਤੁਸੀਂ ਇੰਟਰਨੈਟ ਦੀ ਪਹੁੰਚ ਲਈ Wi-Fi ਦੀ ਵਰਤੋਂ ਕਰਦੇ ਹੋ, ਤੁਹਾਡਾ ਮੋਬਾਈਲ ਫੋਨ ਅਜੇ ਵੀ ਮੋਬਾਈਲ ਡਾਟਾ ਸੇਵਾ (i.e. 3G/4G) ਵਰਤਣ ਲਈ ਆਪਣੇ ਆਪ ਸਵਿਚ ਕਰ ਸਕਦਾ ਹੈ ਜਦੋਂ Wi-Fi ਸਿਗਨਲ ਕਮਜ਼ੋਰ ਹੁੰਦੇ ਹਨ ਜਾਂ ਕੋਈ ਵੀ Wi-Fi ਕਵਰੇਜ ਨਹੀਂ ਹੁੰਦਾ। ਮੋਬਾਈਲ ਡਾਟਾ ਸੇਵਾ ਦੀ  ਅਚੇਤ ਵਰਤੋਂ ਤੋਂ ਬਚਣ ਲਈ, ਤੁਹਾਨੂੰ ਚਾਹੀਦਾ ਹੈ:

- ਜਦੋਂ ਤੁਹਾਨੂੰ ਮੋਬਾਈਲ ਡਾਟਾ ਸੇਵਾ ਦੀ ਵਰਤੋਂ ਕਰਨ ਦੀ ਜ਼ਰੂਰਤ ਨਹੀ ਹੈ ਤਾਂ ਮੋਬਾਈਲ ਡਾਟਾ ਫੰਕਸ਼ਨ ਬੰਦ ਕਰੋ
- ਜਦੋਂ ਤੁਹਾਨੂੰ ਇਸਦੀ ਲੋੜ ਨਾ ਹੋਵੇ ਤਾਂ Wi-Fi ਅਸਿਸਟ ਫੰਕਸ਼ਨ ਬੰਦ ਕਰੋ
- ਇੰਟਰਨੈਟ ਦੀ ਵਰਤੋਂ ਕਰਨ ਲਈ Wi-Fi ਦੀ ਵਰਤੋਂ ਕਰਦੇ ਹੋਏ ਅਕਸਰ ਚੈੱਕ ਕਰਦਾ ਰਹੋ ਕਿ ਤੁਹਾਡੇ ਮੋਬਾਈਲ ਡਿਵਾਇਸਾਂ ਨੇ ਮੋਬਾਈਲ ਡਾਟਾ ਸੇਵਾਵਾਂ ਨਾਲ ਸਵਿੱਚ ਨਾ ਕੀਤਾ ਹੋਵੇ
- ਸਮੇਂ-ਸਮੇਂ ਆਪਣੇ ਮੋਬਾਈਲ ਡਾਟਾ ਦੀ ਵਰਤੋਂ ਚੈੱਕ ਕਰਦਾ ਰਹੋ ਕਿ ਯੂਜੇਸ ਵਾਲੀਅਮ ਵਿਚ ਅਸਾਧਾਰਣ ਵਾਧਾ ਨਾ ਹੋਇਆ ਹੋਵੇ।



## ਸੁਝਾਅ 03 ਡਾਟਾ ਰੋਮਿੰਗ ਦੇ ਖਰਚੇ ਦਾ ਧਿਆਨ ਰੱਖੋ

ਜੇਕਰ ਵਿਦੇਸ਼ ਯਾਤਰਾ ਕਰਨ ਸਮੇਂ ਮੋਬਾਈਲ ਡਾਟਾ ਸੇਵਾ ਦੀ **ਲੋੜ ਨਹੀਂ** ਹੈ, ਤਾਂ ਤੁਸੀਂ:

- ਆਪਰੇਟਰ ਨੂੰ ਮੋਬਾਈਲ ਡਾਟਾ ਰੋਮਿੰਗ ਸੇਵਾ ਨੂੰ ਬੰਦ ਕਰਨ ਦੀ ਬੇਨਤੀ ਕਰ ਸਕਦੇ ਹੋ
- ਆਪਣੇ ਮੋਬਾਇਲ ਫੋਨ 'ਤੇ ਦੋਵੇਂ ਮੋਬਾਇਲ ਡਾਟਾ ਅਤੇ ਡਾਟਾ ਰੋਮਿੰਗ ਫੰਕਸ਼ਨ ਨੂੰ ਨਕਾਰਾ ਕਰ ਸਕਦੇ ਹੋ

ਜੇਕਰ ਵਿਦੇਸ਼ ਯਾਤਰਾ ਕਰਨ ਸਮੇਂ ਮੋਬਾਈਲ ਡਾਟਾ ਸੇਵਾ ਦੀ **ਲੋੜ** ਹੈ, ਤਾਂ ਤੁਸੀਂ:

- ਹਾਂਗ ਕਾਂਗ ਤੋਂ ਬਾਹਰ ਜਾਣ ਤੋਂ ਪਹਿਲਾਂ ਆਪਣੇ ਆਪਰੇਟਰ ਨਾਲ ਮੰਜ਼ਿਲ 'ਤੇ ਮੋਬਾਈਲ ਡਾਟਾ ਰੋਮਿੰਗ ਸੇਵਾਵਾਂ, ਰੋਮਿੰਗ ਪਾਰਟਨਰ ਦੀ ਉਪਲਬਧਤਾ, ਅਤੇ ਸਰਵਿਸ ਪਲੈਨ ਦਾ ਵੇਰਵਾ ਚੈੱਕ ਕਰੋ
- ਚਾਰਜ ਸੀਲਿੰਗ ਜਾਂ ਯੂਜੇਸ ਕੈਪ ਵਾਲੇ ਡਾਟਾ ਰੋਮਿੰਗ ਸਰਵਿਸ ਪਲੈਨ ਨੂੰ ਚੁਣਨ ਬਾਰੇ ਵਿਚਾਰ ਕਰੋ
- ਰੋਜ਼ਾਨਾ-ਰੇਟ ਵਾਲੀ ਡਾਟਾ ਰੋਮਿੰਗ ਯੋਜਨਾ ਚੁਣਦੇ ਸਮੇਂ, ਧਿਆਨ ਦਿਓ ਕਿ ਰੋਜ਼ਾਨਾ ਰੇਟ ਦੀ ਸ਼ੁਰੂਆਤ ਅਤੇ ਅਖੀਰੀ ਸਮੇਂ ਨੂੰ ਕਿਵੇਂ ਚੈੱਕ ਕਰਨਾ ਹੈ, ਕੀ ਸਭ ਜਗ੍ਹਾਵਾਂ ਤੇ ਇੱਕੋ ਹੀ ਚਾਰਜ ਲਾਗੂ ਹੁੰਦਾ ਹੈ, ਅਤੇ ਕੀ ਇਹ ਯੋਜਨਾ ਸਿਰਫ ਮਿਥੇ ਗਏ ਨੈਟਵਰਕ ਲਈ ਹੀ ਲਾਗੂ ਹੈ
- ਇਕ ਪੌਕਿਟ Wi-Fi ਡਿਵਾਈਸ ਰੱਖਣ 'ਤੇ ਵਿਚਾਰ ਕਰੋ ਜਾਂ ਇੱਕ ਪ੍ਰੀਪੇਡ ਮੋਬਾਇਲ ਡਾਟਾ ਸਿਮ ਕਾਰਡ ਖਰੀਦੋ ਜੋ ਕਿ ਮੰਜ਼ਿਲ' ਤੇ ਵਰਤਿਆ ਜਾ ਸਕੇ

ਮੋਬਾਈਲ ਡਾਟਾ ਦੀ ਵਰਤੋਂ ਘਟਾਉਣ ਲਈ, ਤੁਸੀਂ:

- ਕੁਝ ਐਪਸ ਵਿੱਚ ਖਾਸ ਤੌਰ ਤੇ ਸਮਾਜਿਕ ਮੀਡੀਆ ਐਪਸ ਵਿੱਚ, ਮਲਟੀ-ਮੀਡੀਆ ਸਮੱਗਰੀ ਲਈ ਆਟੋ ਡਾਊਨਲੋਡ ਜਾਂ ਆਟੋ ਪਲੇ ਫਾਈਨਾਂ ਨੂੰ ਬੇਅਸਰ ਕਰ ਸਕਦੇ ਹੋ
- ਈਮੇਲਾਂ, ਐਪਸ ਅਤੇ ਹੋਰ ਸੌਫਟਵੇਅਰ ਲਈ ਆਟੋਮੈਟਿਕ ਅਪਡੇਟ ਫੰਕਸ਼ਨ ਨੂੰ ਬੰਦ ਕਰ ਸਕਦੇ ਹੋ



ਹਾਂਗ ਕਾਂਗ ਅਤੇ ਮੇਨਲੈਂਡ ਦੇ ਨਜ਼ਦੀਕ ਹੋਣ ਕਰਕੇ, ਮੋਬਾਈਲ ਫੋਨ ਆਪਣੇ ਆਪ ਸੀਮਾ ਖੇਤਰਾਂ ਵਿੱਚ ਮੇਨਲੈਂਡ ਦੇ ਮੋਬਾਈਲ ਨੈਟਵਰਕਾਂ ਨਾਲ ਜੁੜ ਸਕਦੇ ਹਨ। ਡਾਟਾ ਰੋਮਿੰਗ ਸੇਵਾ ਦੀ ਅਣਜਾਣ ਵਰਤੋਂ ਨੂੰ ਰੋਕਣ ਲਈ, ਤੁਸੀਂ:

- ਜਦੋਂ ਤੁਸੀਂ ਹਾਂਗਕਾਂਗ ਵਿਚ ਹੋ ਆਪਣੇ ਮੋਬਾਈਲ ਫੋਨ 'ਤੇ ਮੋਬਾਈਲ ਡਾਟਾ ਰੋਮਿੰਗ ਫੰਕਸ਼ਨ ਨੂੰ ਬੰਦ ਕਰੋ ਜਾਂ ਮੋਬਾਈਲ ਡਾਟਾ ਰੋਮਿੰਗ ਸੇਵਾ ਨੂੰ ਬੇਅਸਰ ਕਰਨ ਲਈ ਅਪਰੇਟਰ ਨੂੰ ਬੇਨਤੀ ਕਰ ਸਕਦੇ ਹੋ
- ਇਹ ਨਿਸ਼ਚਿਤ ਕਰਨ ਲਈ ਕਿ ਇਹ ਮਿਥੇ ਗਏ ਸਥਾਨਕ ਨੈਟਵਰਕ ਨਾਲ ਜੁੜਿਆ ਰਹੇਗਾ, ਮੋਬਾਈਲ ਫੋਨ ਨੂੰ ਮੈਨੂਅਲ ਨੈਟਵਰਕ ਚੋਣ ਲਈ ਕੌਂਫਿਗਰ ਕਰੋ

## ਸੁਝਾਅ 04 ਸੰਚਾਰ ਸੇਵਾ ਦੇ ਇਕਰਾਰਨਾਮਿਆਂ ਨੂੰ ਸਮਝੋ

ਜੁਲਾਈ 2011 ਤੋਂ, ਨਿੱਜੀ ਜਾਂ ਰਿਹਾਇਸ਼ੀ ਉਪਭੋਗਤਾ ਜਿਹੜੇ ਦੂਰਸੰਚਾਰ ਸੇਵਾ ਦੇ ਇਕਰਾਰਨਾਮਿਆਂ ਵਿੱਚ ਦਾਖਲ ਹੁੰਦੇ ਹਨ ਜਾਂ ਜੋ ਆਪਣੇ ਦੂਰ ਸੰਚਾਰ ਸੇਵਾ ਦੇ ਇਕਰਾਰਨਾਮਿਆਂ ਦਾ ਮੁੜ ਤੋਂ ਨਵੀਨੀਕਰਨ ਕਰਦੇ ਹਨ, ਨੂੰ ਸਾਰੇ ਪ੍ਰਮੁੱਖ ਸਥਾਈ ਅਤੇ ਮੋਬਾਈਲ ਨੈਟਵਰਕ ਅਪਰੇਟਰਾਂ ਦੁਆਰਾ ਦੂਰਸੰਚਾਰ ਸੇਵਾ ਇਕਰਾਰਨਾਮਿਆਂ ("ਇੰਡਸਟਰੀ ਕੋਡ") ਲਈ ਇੰਡਸਟਰੀ ਕੋਡ ਆਫ ਪ੍ਰੈਕਟਿਸ ਲਾਗੂ ਕਰਕੇ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਮਈ 2015 ਤੋਂ ਸੋਧੀਆ ਹੋਈਆ ਇੰਡਸਟਰੀ ਕੋਡ ਲਾਗੂ ਹੋ ਗਿਆ ਹੈ ਤਾਂ ਜੋ ਉਪਭੋਗਤਾ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।



ਸੰਚਾਰ ਸੇਵਾ ਲਈ ਸਹਿਮਤ ਹੋਣ ਤੋਂ ਪਹਿਲਾਂ ਇਹਨਾਂ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ:

- ਯਕੀਨੀ ਬਣਾਓ ਕਿ ਸੇਵਾ ਤੁਹਾਡੀਆਂ ਜ਼ਰੂਰਤਾਂ ਦੇ ਅਨੁਕੂਲ ਹੈ
- ਖ਼ਰਚੇ ਅਤੇ ਸੇਵਾ ਦੀਆਂ ਸ਼ਰਤਾਂ ਨੂੰ ਚੰਗੀ ਤਰ੍ਹਾਂ ਜਾਂਚੋ
- ਤੋਹਫ਼ੇ ਜਾਂ ਛੋਟ ਲਈ ਸੇਵਾ ਇਕਰਾਰਨਾਮੇ 'ਤੇ ਦਸਤਖਤ ਨਾ ਕਰੋ
- ਵੱਖ -ਵੱਖ ਓਪਰੇਟਰਾਂ ਦੀਆਂ ਪੇਸ਼ਕਸ਼ਾ ਦੀ ਤੁਲਨਾ ਕਰਨ ਲਈ ਕੁਝ ਸਮਾਂ ਲਓ
- ਸੇਵਾ ਇਕਰਾਰਨਾਮੇ 'ਤੇ ਦਸਤਖ਼ਤ ਨਾ ਕਰੋ ਜਦ ਤੱਕ ਕਿ ਤੁਸੀਂ ਇਕਰਾਰਨਾਮਾ ਦੇ ਸਾਰੇ ਵੇਰਵੇ ਬਾਰੇ ਸਪੱਸ਼ਟ ਨਹੀਂ ਹੋ

## ਸੁਝਾਅ 05 ਟ੍ਰੇਡ ਡੇਸਕਰੀਪਸ਼ਨਸ ਆਰਡੀਨੈਂਸ ਦੇ ਤਹਿਤ ਖਪਤਕਾਰਾਂ ਦੀ ਸੁਰੱਖਿਆ

- ਟ੍ਰੇਡ ਡੇਸਕਰੀਪਸ਼ਨਸ ਆਰਡੀਨੈਂਸ (TDO) ਦੀਆਂ ਢੁਕਵੀਂਆ ਵਪਾਰਕ ਧਾਰਾਂਵਾਂ ਵਪਾਰੀਆਂ ਦੁਆਰਾ ਅਨੁਚਿਤ ਵਪਾਰਕ ਪ੍ਰਥਾਵਾਂ ਨੂੰ ਰੋਕਦੀਆਂ ਹਨ, ਜਿਸ ਵਿੱਚ ਸ਼ਾਮਲ ਹਨ:
  - ▲ ਗਲਤ ਕਾਰੋਬਾਰੀ ਵੇਰਵੇ
  - ▲ ਗੁੰਮਰਾਹ ਕਰਨ ਵਾਲੀ ਗਲਤੀ
  - ▲ ਭੜਕਾਊ ਵਪਾਰਕ ਅਭਿਆਸ
  - ▲ ਲਲਚਾਉਣ ਵਾਲੀ ਇਸ਼ਤਿਹਾਰਬਾਜ਼ੀ
  - ▲ ਲਾਲਚ ਅਤੇ ਬਦਲਾਵ
  - ▲ ਗ਼ਲਤ ਤਰੀਕੇ ਨਾਲ ਭੁਗਤਾਨ ਸਵੀਕਾਰ ਕਰਨਾ
- ਆਮ ਤੌਰ 'ਤੇ ਗੱਲ ਕਰਦਿਆਂ, ਇਕਰਾਰਨਾਮੇ ਸੰਬੰਧੀ ਵਿਵਾਦਾਂ ਅਤੇ ਗਾਹਕ ਸੇਵਾ ਦੀ ਗੁਣਵੱਤਾ ਤੋਂ ਸੰਬੰਧਤ ਮਸਲੇ TDO ਦੇ ਘੇਰੇ ਤੋਂ ਬਾਹਰ ਹਨ
- ਤੁਸੀਂ ਕਿਸੇ ਪ੍ਰਸਾਰਣ ਜਾਂ ਦੂਰਸੰਚਾਰ ਲਾਇਸੈਂਸ ਕਰਤਾ ਦੁਆਰਾ TDO ਦੇ ਨਿਰਪੱਖ ਵਪਾਰਕ ਹਿੱਸਿਆਂ ਦੀ ਸੰਕਟਕਾਲੀਨ ਉਲੰਘਣਾ ਦੀ ਰਿਪੋਰਟ ਸੰਚਾਰ ਅਥਾਰਟੀ ਦੇ ਦਫਤਰ (OFCA) ਕਰ ਸਕਦੇ ਹੋ
- OFCA ਨੂੰ ਜਾਂਚ ਕਰਵਾਉਣ ਲਈ ਸਹੂਲਤ ਪ੍ਰਦਾਨ ਕਰਨ ਲਈ ਸ਼ਿਕਾਇਤਕਰਤਾਵਾਂ ਦੀ ਸਹਾਇਤਾ ਬਹੁਤ ਮਹੱਤਵਪੂਰਨ ਹੈ । ਸ਼ਿਕਾਇਤਕਰਤਾ ਨੂੰ ਚਾਹੀਦਾ ਹੈ:
  - ▲ ਜਿੰਨੀ ਜਲਦੀ ਹੋ ਸਕੇ ਸ਼ਿਕਾਇਤ ਦੀ ਰਿਪੋਰਟ ਕਰੋ;
  - ▲ ਸ਼ਿਕਾਇਤ ਨਾਲ ਸਬੰਧਤ ਦਸਤਾਵੇਜ਼ ਰੱਖੋ ਅਤੇ ਪ੍ਰਦਾਨ ਕਰੋ (ਜਿਵੇਂ ਇਕਰਾਰਨਾਮੇ, ਬਿੱਲ, ਅਦਾਇਗੀ ਕਾਰਡ ਪੈਕੇਜ, ਇਸ਼ਤਿਹਾਰਬਾਜ਼ੀ, ਪੱਤਰ ਵਿਹਾਰ, ਸਵਾਲ ਪੁੱਛਣ ਵਾਲੇ ਵਿਕਰੀਕਰਤਾ ਦੇ ਪਛਾਣ ਪੱਤਰ ਆਦਿ); ਅਤੇ
  - ▲ OFCA ਨੂੰ ਗਵਾਹੀ ਦੇਣ ਵਾਲਾ ਬਿਆਨ ਮੁਹੱਈਆ ਕਰਾਉਣਾ, ਅਤੇ ਅਦਾਲਤੀ ਕਾਰਵਾਈਆਂ ਵਿਚ ਮੁਕੱਦਮੇ ਦੇ ਗਵਾਹ ਵਜੋਂ ਕੰਮ ਕਰਨਾ, ਜਿੱਥੇ ਲੋੜ ਹੋਵੇ ।



*ਕਸਟਮ ਅਤੇ ਆਬਕਾਰੀ ਵਿਭਾਗ TDO ਨੂੰ ਲਾਗੂ ਕਰਨ ਲਈ ਪ੍ਰਮੁੱਖ ਏਜੰਸੀ ਹੈ । ਪ੍ਰਸਾਰਣ ਅਧਿਆਦੇਸ਼ ਜਾਂ ਇੱਕ ਪ੍ਰਸਾਰਣ ਜਾਂ ਦੂਰਸੰਚਾਰ ਸੇਵਾ ਦੀ ਵਿਵਸਥਾ ਦੇ ਸਬੰਧ ਵਿੱਚ ਦੂਰਸੰਚਾਰ ਅਧਿਆਦੇਸ਼ ਦੇ ਤਹਿਤ ਲਸੰਸਦਾਰਾਂ ਦੇ ਵਪਾਰਕ ਅਭਿਆਸ ਦੇ ਸਬੰਧ ਵਿੱਚ TDO ਦੇ ਨਿਰਪੱਖ ਵਪਾਰਕ ਵਰਗਾਂ ਨੂੰ ਲਾਗੂ ਕਰਨ ਲਈ ਸੰਚਾਰ ਅਥਾਰਿਟੀ ਤੇ ਸਮਕਾਲੀ ਅਧਿਕਾਰ ਖੇਤਰ ਪ੍ਰਦਾਨ ਕੀਤਾ ਗਿਆ ਹੈ ।*

ਵਧੇਰੇ ਜਾਣਕਾਰੀ ਹੇਠਲੇ ਹਾਇਪਰਲਿੰਕ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ:
https://www.ofca.gov.hk/en/contact_us/support/punjabi/index.html




ਸੰਚਾਰ ਅਥਾਰਟੀ ਦੇ ਦਫਤਰ
ਟੈਲੀਫ਼ੋਨ: 2961 6333 | ਵੈੱਬਸਾਇਟ: www.ofca.gov.hk